ਪੰਜਾਬ ਸਰਕਾਰ
ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਵਿਕਾਸ ਭਵਨ ਸੈਕਟਰ-62 ਮੋਹਾਲੀ,
(ਯੋਜਨਾ ਸ਼ਾਖਾ)

ਸੇਵਾ ਵਿਖੇ

ਸਮੂਹ
ਜਿਲਾ ਵਿਕਾਸ ਅਤੇ ਪੰਚਾਇਤ ਅਫਸਰਜ਼।

ਪੱਤਰ ਨੰ: 25/1/11/ਪੀ-4/13814-33
ਮਿਤੀ 16/6-2011

**ਵਿਸ਼ਾ:- ਪੰਚਾਇਤ ਘਰਾਂ ਦੀ ਰਿਪੋਰਟ ਭੇਜਣ ਬਾਰੇ।**

-----

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਚਾਇਤ ਘਰ ਆਦਿ ਬਣਾਉਣ ਲਈ ਕਾਫੀ ਦੇਰ ਤੋਂ ਗਰਾਂਟਾਂ ਦਿੱਤੀਆਂ ਜਾ ਰਹੀਆ ਹਨ। ਪੰਚਾਇਤ ਘਰ, ਰਾਜੀਵ ਗਾਂਧੀ ਸੇਵਾ ਕੇਂਦਰ, ਕਮਿਊਨਿਟੀ ਸੈਟਰ ਜਾਂ ਕੋਈ ਹੋਰ ਢੁਕਵੀਂ ਪੰਚਾਇਤ ਦੀ ਇਮਾਰਤ ਨੂੰ ਬਤੌਰ ਪੰਚਾਇਤ ਦਫਤਰ ਵਰਤੇ ਜਾਣ ਦੀ ਤਜ਼ਵੀਜ਼ ਹੈ ਜਿਥੇ ਕੰਪਿਊਟਰ ਵੀ ਸਥਾਪਿਤ ਕੀਤੇ ਜਾਣੇ ਹਨ। ਇਸ ਲਈ ਪੰਚਾਇਤ ਘਰਾਂ ਬਾਰੇ ਸੂਚਨਾ ਮਿਤੀ 20-06-2011 ਤੱਕ ਭੇਜੀ ਜਾਵੇ। ਪੰਚਾਇਤ ਘਰਾਂ ਲਈ ਤਜ਼ਵੀਜ਼ ਭੇਜਦੇ ਸਮੇਂ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਰਾਜੀਵ ਗਾਂਧੀ ਸੇਵਾ ਕੇਂਦਰ / ਪੰਚਾਇਤ ਘਰ ਆਦਿ ਬਣਾਉਂਦੇ ਸਮੇਂ ਹਰ ਇਕ ਪੰਚਾਇਤ ਸਕੱਤਰ ਸਰਕਲ ਵਿੱਚ ਘੱਟ ਤੋਂ ਘੱਟ ਇਕ ਪੰਚਾਇਤ ਘਰ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਜੋ ਪੰਚਾਇਤ ਦਫਤਰ ਦੇ ਤੌਰ ਤੇ ਵਰਤਿਆ ਜਾ ਸਕੇ। ਆਪ ਇਹ ਯਕੀਨੀ ਬਣਾਉਣ ਕਿ ਜਿਲੇ ਦੀ ਸੰਕਲਿਤ ਸੂਚਨਾ ਬਲਾਕ ਵਾਰ ਅਤੇ ਪੰਚਾਇਤ ਵਾਰ ਈ-ਮੇਲ (it.rdp.pb@gmail.com) ਰਾਹੀਂ ਅਸੀਸ ਫੌਂਟ ਵਿੱਚ ਐਮ ਐਸ ਐਕਸਲ ਵਿੱਚ ਇਕੋ ਫਾਈਲ ਵਿੱਚ ਬਲਾਕ ਵਾਰ ਵੱਖ ਵੱਖ (ਬਲਾਕ ਦਾ ਨਾਂ ਦਰਸਾਉਂਦਿਆਂ Sheets) ਸ਼ੀਟਾਂ ਤੇ ਹੋਵੇ। ਨਮੂਨਾ ਪ੍ਰੋਫਾਰਮੇਂ ਵੈਬਸਾਈਟ www.pbrdp.gov.in ਉਪਰ ਉਪਲੱਬਧ ਹਨ।

ਸਹੀ
ਸੰਯੁਕਤ ਡਾਇਰੈਕਟਰ(ਆਰ.ਡੀ.)